19-2-1995

19.2.95

# ਕਲਾ ਦੇ ਝਰੋਖੇ ਤੋਂ

**ਕਵਿਤਾ 'ਜੱਟ ਦੀ ਜੂਨ'**

ਕਵਿਤਾ ਦੇ ਖੇਤਰ ਵਿਚ ਜਦੋਂ ਅਕਾਦਮਿਕ ਹਲਕਿਆਂ ਵਿਚ ਆਧੁਨਿਕ ਅਤੇ ਉਤਰ ਆਧੁਨਿਕ ਕਵਿਤਾ ਦੀ ਨਿਸ਼ਾਨਦੇਹੀ ਕੀਤੀ ਜਾ ਰਹੀ ਹੈ, ਉਥੇ ਪ੍ਰਤੀਬੱਧ ਲੋਕ-ਪੱਖੀ ਕਵਿਤਾ ਆਪਣੀ ਪੇਸ਼ਕਦਮੀ ਜਾਰੀ ਰੱਖ ਰਹੀ ਹੈ। ਇਕ ਐਸੀ ਕਵਿਤਾ, ਜੋ ਬਹੁਤ ਹੀ ਸਿੱਧੀ ਅਤੇ ਸਾਦੀ ਕਵਿਤਾ ਹੈ, ਇਸ ਵੇਲੇ ਇਹ ਸਭਿਆਚਾਰਕ ਸਮਾਗਮਾਂ ਦੀ ਸ਼ਾਨ ਬਣੀ ਹੋਈ ਹੈ, ਇਹ ਸੁਖਦੇਵ ਧਾਲੀਵਾਲ ਦੀ ਕਵਿਤਾ 'ਜੱਟ ਦੀ ਜੂਨ' ਹੈ,ਜੋ ਪਲਸ ਮੰਚ ਦੇ ਬੁਲਾਰਾ ਮੈਗਜ਼ੀਨ ਸਰਦਲ ਦੇ ਅਕਤੂਬਰ-ਦਸੰਬਰ 1994 ਦੇ ਅੰਕ ਨੰ. 39 ਵਿਚ ਨਵੀਆਂ ਕਲਮਾਂ ਦੇ ਕਾਲਮ ਵਿਚ ਛਪੀ ਹੈ। ਇਹ ਵਿਸ਼ੇ ਪੱਖੋਂ ਇਕ ਸ਼ਕਤੀਸ਼ਾਲੀ ਕਵਿਤਾ ਹੈ: ਜੱਟ ਦੀ ਜੂਨ, ਬੁਰੀ ਉਦੋਂ ਨਹੀਂ ਹੁੰਦੀ, ਹੱਲ ਛੱਡ ਕੇ ਜਦੋਂ ਚਰੀ ਨੂੰ ਜਾਂਦਾ ਹੈ, ਰਾਤਾਂ ਨੂੰ ਫਸਲਾਂ ਦੀ ਪਿਆਸ ਬੁਝਾਂਦਾ ਹੈ, ਸੱਪਾਂ ਦੀਆਂ ਸਿਰੀਆਂ ਮਿੱਧਦਾ। ਉਦੋਂ ਤਾਂ ਉਹ ਸਰੋਂ, ਢੋਲੇ ਦੀਆਂ ਗਾਉਂਦਾ, ਹੀਰ ਦੀਆਂ ਕਲੀਆਂ, ਮਿਰਜ਼ਾ ਗਾ-ਗਾ ਦਿਲ ਪਰਚਾਉਂਦਾ। ਜੱਟ ਦੀ ਜੂਨ ਤਾਂ ਉਦੋਂ ਵੀ ਬੁਰੀ ਨਹੀਂ ਹੁੰਦੀ, ਜਦ ਤਪਦੇ ਸੂਰਜ ਦਾ ਕਹਿਰ, ਕਪਾਹਾਂ ਦੀ ਗੋਡੀ 'ਚ, ਆਪਣੇ ਪਿੰਡੇ 'ਤੇ ਹੰਢਾਉਂਦਾ ਹੈ, ਭਾਦੋਂ ਦਾ ਮਹੀਨਾ ਜਦ ਆਪ ਦਾ ਆਪ, ਉਸ ਦੇ ਰੰਗ ਤੋਂ ਅਜ਼ਮਾਉਂਦਾ ਹੈ ਤੇ ਫੇਰ ਵੀ ਉਹ ਸਾਧ ਨਾ ਬਣਦਾ। ਜੱਟ ਦੀ ਜੂਨ ਤਾਂ ਉਦੋਂ ਬੁਰੀ ਹੁੰਦੀ ਹੈ, ਜਦ ਫਸਲ ਵੇਚਣ ਤੋਂ ਬਾਅਦ, ਆੜ੍ਹਤੀਏ ਤੋਂ ਖੁਲ੍ਹਵਾਉਂਦੈ ਵਹੀ, ਜਦੋਂ ਉਸ ਨੂੰ ਲਗਦਾ ਪਤਾ, ਕਿ ਕਿੰਨੇ ਹੌਲੇ ਹੋ ਨਿਬੜੇ ਨੇ, ਉਸ ਦੇ ਫਸਲਾਂ ਦੇ ਢੇਰ, ਵਹੀ ਦੇ ਚੰਦ ਕੁ ਵਰਕਿਆਂ ਸਾਹਮਣੇ। ਜਦ ਜਰਬਾਂ ਦੀ ਥਾਂ, ਹੋ ਜਾਂਦੇ ਨੇ ਮਨਫੀ, ਕਿਆਸੇ ਹੋਏ ਸੁਪਨੇ, ਮੁਨੀਮ ਦੇ ਹਿਸਾਬ 'ਚ ਤੇ ਜਦ ਹੱਥ ਖਾਲੀ ਦਾ ਖਾਲੀ, ਰਹਿ ਜਾਣ 'ਤੇ ਕੁੜੀ ਦੇ ਵਿਆਹ ਹੀ ਨਹੀਂ, ਸੰਨ ਹੀ ਬਦਲ ਜਾਂਦਾ ਹੈ। ਜਦ ਸਹਿਣੇ ਪੈਂਦੇ ਨੇ ਉਸ ਨੂੰ ਨਖਰੇ ਪਿੰਡ ਦੇ ਮਾਮੂਲੀ ਦੁਕਾਨਦਾਰ ਦੇ। ਜੱਟ ਦੀ ਜੂਨ ਉਦੋਂ ਬੁਰੀ ਹੁੰਦੀ ਹੈ ਜਦ ਬੈਂਕ ਦੇ ਆਮ ਕਲਰਕ ਉਸ ਨੂੰ ਲਗਦੇ ਨੇ ਕੋਈ ਸ਼ੈਅ, ਲੈਣ ਆਏ ਕਰਜ਼ੇ ਦੀ ਕਿਸ਼ਤ। ਜੱਟ ਦੀ ਜੂਨ ਉਦੋਂ ਬੁਰੀ ਨਹੀਂ ਹੁੰਦੀ, ਕੰਮ ਕਰਦੇ ਕਰਦੇ ਜਦ ਮੁੜ੍ਹਕੇ 'ਚ ਗੜੁੱਚ, ਜੱਟ ਦੀ ਜੂਨ ਉਦੋਂ ਬੁਰੀ ਹੁੰਦੀ ਹੈ, ਜਦ ਕਸਿਆ ਜਾਂਦੈ, ਇਕ ਅਦਿੱਖ ਸ਼ਿਕੰਜੇ 'ਚ। – ਇਹ ਕਵਿਤਾ ਇਕ ਪੇਂਡੂ ਸਭਿਆਚਾਰਕ ਮੇਲੇ 'ਚ ਪੇਸ਼ ਕੀਤੀ ਗਈ। ਇਹਦਾ ਅਸਰ ਦਰਸ਼ਕਾ ਉਤੇ ਕੀ ਪਿਆ, ਇਸ ਦਾ ਅਨੁਮਾਨ ਸੁੱਧੇ ਹੀ ਉਨ੍ਹਾਂ ਦੇ ਚਿਹਰਿਆਂ ਦੇ ਪ੍ਰਭਾਵ ਤੋਂ ਲਗਾਇਆ ਜਾ ਸਕਦਾ ਸੀ। ਸਾਹਿਤ ਲੋਕਾਂ ਵਿਚ ਕਿਸ ਤਰ੍ਹਾਂ ਮਕਬੂਲ ਹੁੰਦਾ ਹੈ, ਇਹ ਕਵਿਤਾ ਉਹਦੀ ਇਕ ਮਿਸਾਲ ਹੈ।

**ਨਾਟਕਕਾਰ ਪਾਲੀ ਭੁਪਿੰਦਰ ਸਿੰਘ**

ਨੌਜਵਾਨ ਨਾਟਕਕਾਰ ਪਾਲੀ ਭੁਪਿੰਦਰ ਸਿੰਘ ਨੇ ਨਾਟਕ ਖੇਤਰ ਵਿਚ ਲੇਖਕ ਅਤੇ ਨਿਰਦੇਸ਼ਕ ਦੇ ਤੌਰ 'ਤੇ ਆਪਣੇ ਪੱਕੀ ਤਰ੍ਹਾਂ ਹਸਤਾਖਰ ਕਾਇਮ ਕਰ ਲਏ ਹਨ। ਇਹ ਇਕ ਸ਼ੁਭ ਗੱਲ ਹੈ। ਪਾਲੀ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਯੂਥ ਫੈਸਟੀਵਲਾਂ ਦੀ ਇਕ ਗੌਰਵਮਈ ਦੇਣ ਹੈ। ਇਸ ਤੋਂ ਪਹਿਲਾਂ ਅਜਮੇਰ ਔਲਖ ਅਤੇ ਆਤਮਜੀਤ ਵੀ ਇਸੇ ਲਹਿਰ ਦੀ ਦੇਣ ਕਹੇ ਜਾ ਸਕਦੇ ਹਨ ਜਿਨ੍ਹਾਂ ਨੇ ਸ਼ਾਹਕਾਰ ਨਾਟਕ ਲਿਖ ਕੇ ਅਤੇ ਨਿਰਦੇਸ਼ਤ ਕਰ ਕੇ ਪੰਜਾਬੀ ਨਾਟਕ ਦੀ ਇਕ ਵਿਸ਼ੇਸ਼ ਪੜਾਅ ਵਲ ਪੇਸ਼ਕਦਮੀ ਕੀਤੀ ਸੀ। ਪਾਲੀ ਭੁਪਿੰਦਰ ਦਾ ਨਵਾਂ ਨਾਟਕ 'ਮਿੱਟੀ ਦਾ ਬਾਵਾ' ਲੇਖਣੀ ਅਤੇ ਡੀਜ਼ਾਇਨਿੰਗ ਦੇ ਪੱਖ ਤੋਂ ਇਕ ਸ਼ਾਹਕਾਰ ਨਾਟਕ ਹੈ। ਮੋਗਾ ਦੇ ਡੀ. ਐਮ. ਕਾਲਜ ਦੇ ਵਿਦਿਆਰਥੀਆਂ ਵਲੋਂ ਪਾਲੀ ਭੁਪਿੰਦਰ ਦੀ ਨਿਰਦੇਸ਼ਨਾ ਹੇਠ ਖੇਡੇ ਗਏ ਨਾਟਕ ਨੇ ਯੂਨੀਵਰਸਿਟੀ ਨਾਟਕ ਮੁਕਾਬਲੇ ਵਿਚ ਪਹਿਲਾ ਸਥਾਨ ਲਿਆ। ਇਹ ਨਾਟਕ 25-26 ਜਨਵਰੀ 1995 ਦੇ ਸਾਰੀ ਰਾਤ ਦੇ ਪਲਸ ਮੰਚ ਦੇ ਨਾਟਕ ਮਲੇ ਦਾ ਵੀ ਹਾਸਲ ਨਾਟਕ ਸੀ, ਜੋ ਪਲਸ ਮੰਚ ਦੀ ਮੁੱਲਾਂਪੁਰ ਇਕਾਈ ਵਲੋਂ ਖੇਡਿਆ ਗਿਆ ਸੀ। ਪਾਲੀ ਭੁਪਿੰਦਰ ਨਾਟਕ ਖੇਤਰ ਵਿਚ ਪਹਿਲਾਂ ਹੀ ਚਰਚਿਤ ਨਾਟਕ 'ਇਸ ਚੌਂਕ ਵਿਚੋਂ ਸ਼ਹਿਰ ਦਿਸਦਾ ਹੈ' ਅਤੇ 'ਕੀ ਤੁਹਾਨੂੰ ਚੀਖ ਸੁਣੀ ਹੈ' ਪੇਸ਼ ਕਰ ਚੁੱਕਿਆ ਹੈ। ਇਹ ਦੋਨੋਂ ਨਾਟਕ ਮਾਡਰਨ ਸੁਸਾਇਟੀ 'ਤੇ ਵਿਅੰਗ ਸਨ! ਅੱਜ ਦੇ ਯੁੱਗ ਵਿਚ ਬੰਦੇ ਦੀ ਕੀਮਤ ਕੁੱਤੇ ਤੋਂ ਵੀ ਘਟ ਗਈ ਹੈ ਜਾਂ ਸਮਾਜ ਵਿਚ ਬੇਗਾਨਗੀ ਦਾ ਐਸਾ ਅਹਿਸਾਸ ਪੈਦਾ ਹੋ ਗਿਆ ਹੈ ਕਿ ਗਵਾਂਢੀਆਂ ਦਾ ਦੁਖ ਤੁਹਾਨੂੰ ਪ੍ਰਭਾਵਿਤ ਨਹੀਂ ਕਰਦਾ ਇਹ ਇਨ੍ਹਾਂ ਨਾਟਕਾਂ ਦੇ ਵਿਸ਼ੇ ਸਨ: ਮਿੱਟੀ ਦਾ ਬਾਵਾ ਨਾਟਕ ਦੀ ਡੀਜ਼ਾਇਨਿੰਗ ਅਤੇ ਲਿਖਣ ਸ਼ੈਲੀ ਪਾਲੀ ਦੇ ਪਹਿਲੇ ਨਾਟਕਾਂ ਵਾਂਗ ਹੈ, ਪਰ ਇਹ ਵਿਅੰਗ ਦੀ ਥਾਂ ਜਜ਼ਬਿਆਂ ਨੂੰ ਟੁੰਬਦਾ ਹੈ। ਇਹ ਪੰਜਾਬ ਦੇ ਲੋਕਾਂ ਦੀ ਦੁਖਦੀ ਰਗ 'ਤੇ ਉਂਗਲ ਰਖਦੀ ਹੈ ਜਦੋਂ ਪੰਜਾਬ ਦਾ ਸਾਂਝਾ ਸਭਿਆਚਾਰ ਸਿਆਸਤ ਅਤੇ ਮਜ਼ਹਬਾਂ ਦੀ ਖੇਡ ਵਿਚ ਵੰਡਿਆ ਗਿਆ ਹੈ। ਅੱਜ ਵੀ ਦੋਨੋਂ ਪੰਜਾਬਾਂ ਦੀ ਸਭਿਆਚਾਰਕ ਸਾਂਝ ਕਾਇਮ ਹੈ। ਪਾਲੀ ਨੇ ਜਿਸ ਤਰ੍ਹਾਂ ਆਲਮ ਲੋਹਾਰ ਅਤੇ ਯਮਲਾ ਜੱਟ ਦੇ ਪ੍ਰਤੀਕਾਂ ਨੂੰ ਨਾਟਕ ਵਿਚ ਲਿਆਂਦਾ ਹੈ, ਉਹ ਆਪਣੇ ਆਪ ਵਿਚ ਨਾਟਕ ਕਲਾ ਦੀ ਸ਼ਕਤੀ ਵੀ ਹੈ ਅਤੇ ਕਮਾਲ ਵੀ ਹੈ। ਕੋਈ ਕੋਈ ਕਲਾ-ਕਿਰਤ ਸਾਹਿਤ ਦੇ ਇਤਿਹਾਸ ਵਿਚ ਮੀਲ ਪੱਥਰ ਸਾਬਤ ਹੁੰਦੀ ਹੈ। 'ਮਿੱਟੀ ਦਾ ਬਾਵਾ' ਨਾਟਕ ਇਸ ਦਰਜੇ ਦੀ ਕਿਰਤ ਕਹੀ ਜਾ ਸਕਦੀ ਹੈ ਜੋ ਪੰਜਾਬੀ ਨਾਟਕ ਦੇ ਕੱਦ ਨੂੰ ਉਚ ਕਰਦੀ ਹੈ।

**ਬੱਚਿਆਂ ਦੇ ਸਾਹਿਤ ਬਾਰੇ ਇਕ ਸੈਮੀਨਾਰ ਤੇ ਇਕ ਲਤੀਫਾ**

ਬੱਚਿਆਂ ਦੀਆਂ ਕਿਤਾਬਾਂ ਦੇ ਮਾਹਿਰ ਵਿਚਾਰ ਕਰ ਰਹੇ ਸਨ ਕਿ 10 ਸਾਲ ਦੀ ਉਮਰ ਤਕ ਦੇ ਬੱਚਿਆਂ ਨੂੰ ਸੈਕਸ ਬਾਰੇ ਕਿਸ ਤਰ੍ਹਾਂ ਜਾਣਕਾਰੀ ਦਿੱਤੀ ਜਾ ਸਕਦੀ ਹੈ। ਗੱਲ ਉਭਰ ਕੇ ਆਈ ਕਿ ਇਹ ਇਸ ਗੱਲ 'ਤੇ ਨਿਰਭਰ ਹੈ ਕਿ ਬੱਚੇ ਕਿਸ ਸ਼੍ਰੇਣੀ ਦੇ ਹਨ ਤੇ ਕਿੱਥੋਂ ਦੇ ਰਹਿਣ ਵਾਲੇ ਹਨ। ਉਹ ਦਿੱਲੀ ਜਾਂ ਚੰਡੀਗੜ੍ਹ ਦੇ ਮਹਾਂ ਨਗਰਾਂ ਦੇ ਹਨ ਜਾਂ ਪਿੰਡਾਂ ਦੇ ਹਨ ਜਾਂ ਭੇਡਾਂ-ਬੱਕਰੀਆਂ ਚਰਾਉਣ ਵਾਲੇ ਬਾਲ ਆਜੜੀ ਹਨ। ਹਰ ਬੱਚੇ ਦੀ ਸੈਕਸ ਬਾਰੇ ਜਾਣਕਾਰੀ ਇਨ੍ਹਾਂ ਗੱਲਾਂ ਉਤੇ ਨਿਰਭਰ ਕਰਦੀ ਹੈ। ਇਕ ਮਾਹਿਰ ਨੇ ਗੱਲ ਸੁਣਾਈ ਕਿ ਬਾਪ ਬੱਚੇ ਨੂੰ ਦੱਸ ਰਿਹਾ ਸੀ ਕਿ ਬੱਚਾ ਕਿਥੋਂ ਆਉਂਦਾ ਹੈ। 'ਤੁਹਾਡੀ ਮਾਮਾ ਸੋਫੇ 'ਤੇ ਬੈਠੀ, ਉਹਨੇ ਅੰਡਾ ਦਿੱਤਾ, ਉਹ ਉਠੀ, ਅੰਡਾ ਟੁੱਟ ਗਿਆ ਤੇ ਤੂੰ ਆ ਗਿਆ।' 'ਪਾਪਾ ਤੁਸੀਂ ਵੀ ਬੁੱਧੂ ਹੋ, ਤੁਹਾਨੂੰ ਕੁਝ ਨਹੀਂ ਪਤਾ'। ਤੇ ਫੇਰ ਉਸ ਨੇ ਪਾਪਾ ਨੂੰ ਸਮਝਾ ਦਿੱਤਾ ਕਿ ਬੱਚਾ ਕਿਸ ਤਰ੍ਹਾਂ ਪੈਦਾ ਹੁੰਦਾ ਹੈ। ਸੋ ਸਾਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਬੱਚੇ ਏਨੇ ਭੋਲੇ ਨਹੀਂ ਹੁੰਦੇ। ਬਹਿਸ ਜਦੋਂ ਲੰਮੀ ਹੋ ਗਈ ਤਾਂ ਪ੍ਰਧਾਨ ਜੋ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਤੌਰ ਤਰੀਕੇ ਦਾ ਬੜਾ ਉਪਾਸ਼ਕ ਸੀ, ਘੜੀ ਵੱਲ ਵੇਖਦਿਆਂ ਬੋਲਿਆ 'ਇਸ ਬਾਰੇ ਹੋਰ ਬਹਿਸ ਦੀ ਲੋੜ ਨਹੀਂ, ਸੋ ਜਾਓ, ਆਪੇ ਮਾਮਲਾ ਹੱਲ ਹੋ ਜਾਵੇਗਾ ਕਿ ਬੱਚੇ ਨੂੰ ਕਿੰਨੀ ਜਾਣਕਾਰੀ ਚਾਹੀਦੀ ਹੈ' ਸੋ ਇਹ ਸਵਾਲ ਕਿ ਬੱਚਿਆਂ ਲਈ ਕਿਹੋ ਜਿਹਾ ਸਾਹਿਤ ਹੋਣਾ ਚਾਹੀਦਾ ਹੈ, ਉਹ ਹਾਲੇ ਵਿਚੇ ਖੜ੍ਹਾ ਹੈ। ਇਸ ਮੀਟਿੰਗ ਦੀ ਕਾਰਵਾਈ ਇਕ ਲਤੀਫਾ ਬਣ ਗਈ ਹੈ।

**ਗੁਰਸ਼ਰਨ ਸਿੰਘ**